BRAMPTON Service and Information Update

# ਸਿਟੀ ਡ੍ਰਾਫਟ ਕਮਿਉਨਿਟੀ ਸੇਫਟੀ ਐਕਸ਼ਨ ਪਲਾਨ ਬਾਰੇ ਫੀਡਬੈਕ ਮੰਗ ਰਹੀ ਹੈ

ਬ੍ਰੈਂਪਟਨ, ਓਨਟੈਰੀਓ (11 ਜੁਲਾਈ, 2022) – ਸਿਟੀ ਆਫ ਬ੍ਰੈਂਪਟਨ, ਆਪਣੇ ਡ੍ਰਾਫਟ ਕਮਿਉਨਿਟੀ ਸੇਫਟੀ ਐਕਸ਼ਨ ਪਲਾਨ (Community Safety Action Plan) ਬਾਰੇ ਫੀਡਬੈਕ ਮੰਗ ਰਹੀ ਹੈ।

ਡ੍ਰਾਫਟ ਐਕਸ਼ਨ ਪਲਾਨ (Action Plan), ਜਿਸਦੀ ਅਗਵਾਈ ਕਮਿਉਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ (Community Safety and Well-Being Office) ਵੱਲੋਂ ਕੀਤੀ ਗਈ ਹੈ, ਲੋਅਰ-ਟਿਅਰ ਮਿਉਨਿਸਿਪਲ ਲੈਵਲ ਤੇ, ਕਮਿਉਨਿਟੀ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਅਮਲ ਵਿੱਚ ਲਿਆਉਣ ਲਈ ਨਵੇਂ ਹੱਲ ਪੇਸ਼ ਕਰਦਾ ਹੈ।

ਡ੍ਰਾਫਟ ਐਕਸ਼ਨ ਪਲਾਨ, ਮੁੱਖ ਤੌਰ ਤੇ, ਸੁਰੱਖਿਆ ਸਬੰਧੀ ਚਿੰਤਾਵਾਂ ਤੇ ਧਿਆਨ ਦੇਣ, ਲੋੜਵੰਦ ਲੋਕਾਂ ਨੂੰ ਵਸੀਲਿਆਂ ਨਾਲ ਜੋੜਨ ਅਤੇ ਕਮਿਉਨਿਟੀ ਵਿੱਚ ਸਾਰਿਆਂ ਲਈ ਆਪਣੇਪਣ ਦੀ ਭਾਵਨਾ ਨੂੰ ਵਧਾਉਣ ਲਈ, ਨੇਬਰਹੁੱਡ ਲੈਵਲ ਤੇ ਧਿਆਨ ਕੇਂਦਰਿਤ ਕਰਦਾ ਹੈ। ਇਹ ਹਰੇਕ ਦੇ ਅਧੀਨ ਕਈ ਤਰੀਕਿਆਂ ਨਾਲ ਫੋਕਸ ਦੇ ਤਿੰਨ ਖੇਤਰਾਂ – ਸੁਰੱਖਿਆ, ਜਾਗਰੂਕਤਾ ਅਤੇ ਸ਼ਕਤੀਕਰਨ ਦੀ ਪਛਾਣ ਕਰਦਾ ਹੈ, ਜਿਸਨੂੰ 2022 ਤੋਂ 2025 ਤੱਕ ਲਾਗੂ ਕੀਤਾ ਜਾਵੇਗਾ।

ਡ੍ਰਾਫਟ ਐਕਸ਼ਨ ਪਲਾਨ  ਨੂੰ, ਕਈ ਸਾਲਾਂ ਤੱਕ ਵੱਖ-ਵੱਖ ਸਟੇਕਹੋਲਡਰਾਂ ਦੇ ਨਾਲ ਸਲਾਹ-ਮਸ਼ਵਰਾ ਕਰਕੇ ਅਤੇ ਉਹਨਾਂ ਦੇ ਫੀਡਬੈਕ ਨਾਲ ਵਿਕਸਿਤ ਕੀਤਾ ਗਿਆ ਸੀ। ਸਿਟੀ ਨਿਵਾਸੀਆਂ ਨੂੰ ਡ੍ਰਾਫਟ ਐਕਸ਼ਨ ਪਲਾਨ ਬਾਰੇ ਫੀਡਬੈਕ ਪ੍ਰਦਾਨ ਕਰਨ ਲਈ ਦੁਬਾਰਾ ਸ਼ਾਮਲ ਕਰ ਰਹੀ ਹੈ। ਉਹ ਕਮਿਉਨਿਟੀ ਸੇਫਟੀ ਐਂਡ ਵੈਲ-ਬੀਇੰਗ ਆਫਿਸ ਨੂੰ, cswo@brampton.ca ਤੇ ਸੰਪਰਕ ਕਰਕੇ ਜਾਂ ਸਿਟੀ ਦੇ ਸਟਾਫ ਨਾਲ ਮੀਟਿੰਗ ਬੁੱਕ ਕਰਕੇ ਅਜਿਹਾ ਕਰ ਸਕਦੇ ਹਨ। ਪਲਾਨ ਅਤੇ ਫੀਡਬੈਕ ਵਿਕਲਪਾਂ ਬਾਰੇ ਹੋਰ ਜਾਣਕਾਰੀ ਲਈ, Brampton.ca ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca